بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ


# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿਚੱ لاالہ الااللہ ਦੀ ਸ਼ਾਨਦਾਰ ਵਿਆਖਿਆ, ਵਿਸ਼ਵ ਸ਼ਾਂਤੀ ਅਤੇ ਸਥਿਰਤਾ ਲਈ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 14 ਅਪ੍ਰੈਲ 2023 ਮਸਜਿਦ ਮੁਬਾਰਕ, ਇਸਲਾਮਾਬਾਦ, (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّالِّيْنَ۔

**ਤਸ਼ਹੁਦੱ, ਤਾਉਜ਼, ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :**

لاالہ الااللہ ਉਹ ਕਲਮਾ ਹੈ, ਜੋ ਤੌਹੀਦ ਦੀ ਬੁਨਿਆਦ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰਬੱ ਨੇ ਉਸ ਨੂੰ ਅਗੱ ਉੱਤੇ ਹਰਾਮ ਕਰ ਦਿੱਤਾ ਹੈ। ਜਿਸ ਨੇ ਰਬੱ ਦੀ ਰਜ਼ਾ ਪ੍ਰਾਪਤ ਕਰਨ ਲਈ لاالہ الااللہ ਪੜ੍ਹਿਆ। ਸੋ, ਜਦੋਂ ਰਬੱ ਦੀ ਰਜ਼ਾ ਦੀ ਪ੍ਰਾਪਤੀ ਲਈ ਉਸ ਵਲ੍ਹੋਂ ਝੁਕੱਦੇ ਹੋਏ ਆਪਣੇ ਧਿਆਨ ਨੂੰ ਰਬੱ ਵਲ੍ਹੋਂ ਕਰਦੇ ਹੋਏ ਮਨੁਖੱ لاالہ الااللہ ਪੜ੍ਹਦਾ ਹੈ ਤਾਂ ਉਹ ਰਬੱ ਦੀਆਂ ਮਿਹਰਾਂ ਦਾ ਵਾਰਸ ਬਣਦਾ ਹੈ। ਜਿਵੇਂ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਰਬੱ ਨਰਕ ਦੀ ਅਗੱ ਉਸ ਉੱਤੇ ਹਰਾਮ ਕਰ ਦੇਵੇਗਾ। ਅਤੇ ਇਹੀ ਸਿਖਿੱਆ ਸੀ ਜੋ ਸਾਰੇ ਨਬੀ ਲੈ ਕੇ ਆਏ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸਭ ਤੋਂ ਸਰਵੋਤਮ ਕਲਮਾ ਜਿਹੜ੍ਹਾਂ ਮੈਂ ਅਤੇ ਪਹਿਲੇ ਨਬੀਆਂ ਨੇ ਕਿਹਾ ਉਹ لاالہ الااللہ وحدہٗ لاشریک لہ ਹੈ। ਸੋ, ਇਹ ਸਿਖਿੱਆ ਸਾਰੇ ਨਬੀਆਂ ਦੀ ਹੈ। ਪਰ ਬਦ-ਕਿਸਮਤੀ ਨਾਲ ਇਨ੍ਹਾਂ ਨਬੀਆਂ ਦੀਆਂ ਕੌਮਾਂ ਨੇ ਇਸ ਸਿਖਿੱਆ ਨੂੰ ਸਿੱਧੇ ਜਾਂ ਅਸਿੱਧੇ ਤੌਰ'ਤੇ ਭੁਲ੍ਹਾਂ ਕੇ ਸ਼ਿਰਕ ਦਾ ਤਰੀਕ ਬਣਾਇਆ। ਅਸੀਂ ਖ਼ੁਸ਼-ਕਿਸਮਤ ਹਾਂ ਕਿ ਸਾਨੂੰ ਰਬੱ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਉਮੱਤ ਵਿਚੱ ਸ਼ਾਮਿਲ ਕੇ ਉਹ ਕਾਮਲ ਸਿਖਿੱਆ ਦਿੱਤੀ। ਜਿਸ ਨੇ ਸ਼ਿਰਕ ਦਾ ਮੁਕੰਮਲ ਅੰਤ ਕਰ ਦਿੱਤਾ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਤੌਹੀਦ ਦਾ ਹਕੀਕੀ ਪਾਠ ਦੇ ਕੇ ਸਾਡੀ ਦੁਨੀਆ ਅਤੇ ਅੰਤ ਸੰਵਾਰ ਦਿੱਤੇ। ਸੋ, ਹੁਣ ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹਕੀਕੀ ਸਿਖਿੱਆ ਉੱਤੇ ਅਮਲ ਕਰੇਗਾ ਅਤੇ ਖ਼ਾਲਸ ਹੋ ਕੇ ਰਬੱ ਦੇ ਇਕੱ ਈਸ਼ਵਰਵਾਦ ਨੂੰ ਮੰਨ ਲਏਗਾ। ਉਹੀ ਰਬੱ ਦੀਆਂ ਮਿਹਰਾਂ ਦਾ ਵਾਰਸ ਬਣੇਗਾ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸਿਫ਼ਾਰਸ਼ ਤੋਂ ਵੀ ਹਿੱਸਾ ਪਾਏਗਾ।

ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸਿਫ਼ਾਰਸ਼ ਲਈ ਖ਼ਾਲਸ ਦਿਲ੍ਹ ਨਾਲ لا اله الا الله ਦਾ ਇਕਰਾਰ ਹੈ। ਜਿਸ ਵਿਚੱ ਸੰਸਾਰ ਦੀ ਮਿਲਾਵਟ ਨ ਹੋਵੇ। ਆਪ ਸਲੱਲਾਹੋ ਅਲੈਹਿ ਵਸਲੱਮ ਉਹ ਅੰਤਿਮ ਅਤੇ ਸੰਪੂਰਨ ਨਬੀ ਹਨ। ਜਿਨ੍ਹਾਂ ਨੂੰ ਰਬੱ ਨੇ ਸਿਫ਼ਾਰਸ਼ ਦੀ ਆਗਿਆ ਦਿੱਤੀ ਹੈ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸਿਫ਼ਾਰਸ਼ ਲਈ ਰਬੱ ਦੇ ਹੁਕਮ ਦੇ ਅਨੁਸਾਰ ਆਪ ਸਲੱਲਾਹੋ ਅਲੈਹਿ ਵਸਲੱਮ ਉੱਤੇ ਈਮਾਨ ਵੀ ਜ਼ਰੂਰੀ ਹੈ।

ਅਸੀਂ ਅਹਮਦੀ ਖ਼ੁਸ਼-ਕਿਸਮਤ ਹਨ ਕਿ ਸਾਨੂੰ ਰਬੱ ਨੇ ਇਸ ਜ਼ਮਾਨੇ ਦੇ ਇਮਾਮ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਨੂੰ ਮਨੰਣ ਦੀ ਤੌਫ਼ੀਕ ਬਖ਼ਸ਼ੀ। ਜਿਨ੍ਹਾਂ ਨੇ ਇਸਲਾਮੀ ਆਦੇਸ਼ਾਂ ਨੂੰ ਖੋਲ੍ਹ ਖੋਲ੍ਹ ਕੇ ਉਨ੍ਹਾਂ ਦੀ ਢੂੰਗਿਆਈ ਅਤੇ ਹਿਕਮਤ ਦੇ ਨਾਲ ਸਾਨੂੰ ਦਸਿੱਆ। ਜਿੱਥੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ لا اله الا الله ਦੀ ਢੂੰਗਿਆਈ ਬਾਰੇ ਸਾਨੂੰ ਦਸਿੱਆ। ਉੱਥੇ ਸਾਨੂੰ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਸਥਾਨ ਬਾਰੇ ਵੀ ਦਸਿੱਆ। ਇਸ ਸਮੇਂ ਮੈਂ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝੱ ਕਥਨ ਪੈਸ਼ ਕਰਾਂਗਾ। ਜੋ ਇਸ ਵਿਸ਼ੇ ਉੱਤੇ ਬਹੁਤ ਖ਼ੂਬਸੂਰਤੀ ਨਾਲ ਰੌਸ਼ਨੀ ਪਾਉਂਦੇ ਹਨ ਅਤੇ ਸਾਡਾ ਵੀ ਇਸ ਪਾਸੇ ਧਿਆਨ ਖਿਚੱਦੇ ਹਨ ਕਿ ਸਾਨੂੰ ਵੀ ਇਸ ਵਿਸ਼ੇ ਦੀ ਢੂੰਗਿਆਈ ਨੂੰ ਸਮਝਦੇ ਹੋਏ ਕਿਵੇਂ ਆਪਣੇ ਜਾਇਜ਼ੇ ਲੈਣੇ ਚਾਹੀਦੇ ਹਨ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰਬੱ ਨੇ ਆਪਣੇ ਆਦੇਸ਼ اَلْيَوْمَ اَكْمَلْتُ ਦੀ ਵਿਆਖਿਆ ਆਪ ਹੀ ਫ਼ਰਮਾ ਦਿੱਤੀ। ਇਸ ਵਿਚੱ ਤਿੰਨ ਨਿਸ਼ਾਨਾਂ ਦਾ ਹੋਣਾ ਜ਼ਰੂਰੀ ਹੈ। ਪਹਿਲਾ اَصْلُهَا ثَابِتٌ ਜਿਸ ਦੀਆਂ ਜੜ੍ਹਾਂ ਮਜ਼ਬੂਤੀ ਨਾਲ ਕਾਯਮ ਹਨ। ਦੂਜੀ ਨਿਸ਼ਾਨੀ فرعها في السماء ਇਸ ਦੀਆਂ ਸ਼ਾਖਾਂ ਆਕਾਸ਼ ਦੀ ਬੁਲੰਦੀ ਤਕੱ ਪਹੁੰਚੀ ਹੋਈ ਹਨ। ਤੀਜੀ ਨਿਸ਼ਾਨੀ تؤتي اكلها كل حين ਹਰ ਸਮੇਂ ਤਾਜ਼ਾ ਫ਼ਲ੍ਹ ਦਿੰਦੀ ਹੈ। ਫ਼ਰਮਾਇਆ ਕਿ ਇਸਲਾਮ ਹੀ ਉਹ ਦੀਨ ਹੈ। ਜੋ ਇਸ ਮਿਆਰ ਉੱਤੇ ਪੂਰਾ ਉਤਰਦਾ ਹੈ। ਫ਼ਿਰ ਫ਼ਰਮਾਇਆ ਕਿ ਪਹਿਲੀ ਨਿਸ਼ਾਨੀ ਈਮਾਨ ਦੇ ਅਸੂਲਾਂ ਦੀ ਜਿਸ ਤੋਂ ਮੁਰਾਦ ਕਲਮਾ لا اله الا الله ਹੈ। ਜਿਸ ਨੂੰ ਇਸ ਕਦਰ ਖ਼ੂਬੀ ਨਾਲ ਕੁਰਆਨੇ ਕਰੀਮ ਵਿਚੱ ਫ਼ਰਮਾਇਆ ਗਿਆ ਹੈ। ਜਿਸ ਦੀਆਂ ਸਾਰੀਆਂ ਦਲੀਲਾਂ ਕੁਝੱ ਹਿਸਿੱਆਂ ਵਿਚੱ ਖ਼ਤਮ ਨਹੀਂ ਹੋ ਸਕਦੀਆਂ। ਰਬੱ ਦੀ ਸਾਰੀ ਸਰਿਸ਼ਟੀ ਦਾ ਸਿਲਸਿਲਾ ਸਾਫ਼ ਦਸੱ ਰਿਹਾ ਹੈ ਕਿ ਇਸ ਸੰਸਾਰ ਦਾ ਇਕੱ ਬਣਾਉਣ ਵਾਲਾ ਹੈ। ਜਿਸ ਲਈ ਇਹ ਜ਼ਰੂਰੀ ਸਿਫ਼ਤਾਂ ਹਨ ਕਿ ਉਹ ਰਹਿਮਾਨ, ਰਹੀਮ, ਕਾਦਰ, ਇੱਕੋ ਇਕੱ, ਆਰੰਭ ਤੋਂ ਅੰਤ ਤਕੱ ਹੋਵੇ। ਅਤੇ ਸਾਰੀਆਂ ਸੰਪੂਰਨ ਸਿਫ਼ਤਾਂ ਦਾ ਇਕਠੱ ਵੀ ਹੋਵੇ ਅਤੇ ਵਹੀ ਦੇ ਭੇਜਣ ਵਾਲਾ ਵੀ ਹੋਵੇ। ਸੋ, لا اله الا الله ਕੇਵਲ ਇਕੱ ਇਬਾਦਤ ਯੋਗ ਹਸਤੀ ਹੋਣ ਦਾ ਖ਼ਿਆਲ ਹੀ ਦਿਲ੍ਹ ਵਿਚੱ ਪੈਦਾ ਨਹੀਂ ਕਰਦਾ। ਸਗੋਂ ਇਸ ਗਲ੍ਹੱ ਨੂੰ ਵੀ ਦਿਲ੍ਹ ਵਿਚੱ ਪਾਉਂਦਾ ਹੈ ਅਤੇ ਪਾਉਣਾ ਚਾਹੀਦਾ ਹੈ ਕਿ ਸਾਡਾ ਰਬੱ ਆਰੰਭ ਤੋਂ ਹੈ ਅਤੇ ਅੰਤ ਤਕੱ ਰਹੇਗਾ। ਉਹ ਹਰ ਚੀਜ਼ ਦਾ ਪੈਦਾ ਕਰਨ ਵਾਲਾ ਹੈ ਅਤੇ ਸਾਰੀਆਂ ਲੋੜ੍ਹਾਂ ਲਈ ਉਸ ਦੇ ਹਜ਼ੂਰ ਹੀ ਝੁਕੱਣਾ ਹੈ। ਸੋ ਜਦੋਂ ਈਮਾਨ ਦੀ ਇਹ ਹਾਲਤ ਹੋ ਜਾਵੇ। ਤਾਂ ਉਹ ਕਾਮਲ ਈਮਾਨ ਹੁੰਦਾ ਹੈ

ਜਿਸ ਵਿਚੱ ਸ਼ਿਰਕ ਦੀ ਮਿਲਾਵਟ ਹੋ ਹੀ ਨਹੀਂ ਸਕਦੀ । ਅਤੇ ਇਹੀ ਉਹ ਈਮਾਨ ਹੈ ਜਿਸ ਬਾਰੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਖ਼ਾਲਸ ਹੋ ਕੇ لاالہ الا اللہ ਉੱਤੇ ਈਮਾਨ ਲਿਆਉਣ ਵਾਲਿਆਂ ਉੱਤੇ ਨਰਕ ਦੀ ਅਗੱ ਹਰਾਮ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰਬੱ ਹੀ ਉਹ ਕਾਮਲ ਹਸਤੀ ਹੈ ਜਿਸ ਤੋਂ ਮਦਦ ਮੰਗਣ ਦਾ ਹਕੱ ਹੈ ਅਤੇ ਕੋਈ ਹੋਰ ਉਸ ਦਾ ਹਕੱ ਨਹੀਂ ਰਖੱ ਸਕਦਾ । ਇਸੇ ਉੱਤੇ ਕੁਰਆਨੇ ਕਰੀਮ ਨੇ ਜ਼ੋਰ ਦਿੱਤਾ ਹੈ । ਸੋ ਫ਼ਰਮਾਇਆ ਕਿ ਇਬਾਦਤ ਵੀ ਤੇਰੀ ਕਰਦੇ ਹਨ ਅਤੇ ਤੇਰੀ ਇਬਾਦਤ ਕਰਨ ਲਈ ਮਦਦ ਵੀ ਤੇਰੇ ਕੋਲੋਂ ਹੀ ਚਾਹੁੰਦੇ ਹਨ । ਜਿਸ ਤੋਂ ਮਾਲੂਮ ਹੋਇਆ ਕਿ ਮਦਦ ਦਾ ਅਸਲ ਹਕੱ ਰਬੱ ਦਾ ਹੀ ਹੈ । ਦੂਜੇ ਦਰਜੇ ਉੱਤੇ ਇਹ ਹਕੱ ਅੱਲਾਹ ਵਾਲਿਆਂ ਅਤੇ ਸੱਚਿਆਂ ਨੂੰ ਦਿੱਤਾ ਗਿਆ ਹੈ ਕਿ ਉਨ੍ਹਾਂ ਦੀ ਦੁਆਵਾਂ ਨਾਲ ਵੀ ਮਦਦ ਹੁੰਦੀ ਹੈ । ਫ਼ਰਮਾਇਆ ਸਾਨੂੰ ਨਹੀਂ ਚਾਹੀਦਾ ਕਿ ਕੋਈ ਗਲੱ ਆਪਣੇ ਵਲੋਂ ਬਣਾਉਣ । ਸਗੋਂ ਰਬੱ ਦੇ ਆਦੇਸ਼ਾਂ ਅਤੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਆਦੇਸ਼ਾਂ ਦੇ ਅੰਦਰ ਰਹਿਣਾ ਚਾਹੀਦਾ ਹੈ । ਇਸ ਦਾ ਨਾਂ ਸਿਰਾਤੇ ਮੁਸਤਕੀਮ (ਸਿੱਧਾ ਰਾਹ) ਹੈ ਅਤੇ ਇਹ ਗਲੱ لا الہ الا اللہ محمد رسول اللہ ਤੋਂ ਵੀ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ । لا الہ الا اللہ محمد رسول اللہ ਦੇ ਪਹਿਲੇ ਹਿੱਸੇ ਤੋਂ ਪਤਾ ਲਗੱ ਜਾਂਦਾ ਹੈ ਕਿ ਮਨੁਖੱ ਦਾ ਪਿਆਰਾ ਅਤੇ ਉਦੇਸ਼ ਰਬੱ ਹੀ ਹੋਣਾ ਚਾਹੀਦਾ ਹੈ ਅਤੇ ਦੂਜੇ ਹਿੱਸੇ ਤੋਂ ਮੁਹੰਮਦ ਸਲੱਲਾਹੋ ਅਲੈਹਿ ਵਸਲੱਮ ਦੀ ਨਬੁਵਤੱ ਦੀ ਹਕੀਕਤ ਦਾ ਪ੍ਰਕਟਾਵਾ ਹੁੰਦਾ ਹੈ ।

**ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ** لاالہ الا اللہ ਦਾ ਹਕੱ ਅਦਾ ਨਹੀਂ ਹੁੰਦਾ ਜਦੱ ਤਕੱ ਕਹਿਣ ਵਾਲਾ ਆਪਣੇ ਇਕਰਾਰ ਵਿਚੱ ਅਮਲੀ ਤੌਰ'ਤੇ ਸਾਬਤ ਨ ਕਰ ਦੇਵੇ ਅਤੇ ਇਹੀ ਈਮਾਨ ਦੀ ਸ਼ਰਤ ਹੈ । ਰਬੱ ਦੇ ਹੱਕਾਂ ਅਤੇ ਬੰਦੀਆਂ ਦੇ ਹੱਕਾਂ ਉੱਤੇ ਅਮਲ ਕਰਨਾ ਵੀ ਜ਼ਰੂਰੀ ਹੈ । ਤਦੱ ਕਿੱਥੇ ਬੰਦਾ لاالہ الا اللہ ਉੱਤੇ ਅਮਲ ਕਰਨ ਵਾਲਾ ਬਣਦਾ ਹੈ ਅਤੇ ਤਦੱ ਹੀ ਬੰਦਾ ਰਬੱ ਦੇ ਹਜ਼ੂਰ ਝੂੱਠਾ ਨਹੀਂ ਹੁੰਦਾ ।

ਇਸ ਕਲਮੇ ਦਾ ਦੂਜਾ ਹਿੱਸਾ ਨਮੂਨੇ ਲਈ ਹੈ । ਨਬੀ ਅਲੈਹਿ ਸਲਾਮ ਨਮੂਨਿਆਂ ਲਈ ਆਉਂਦੇ ਹਨ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨਬੀਆਂ ਦਾ ਇਕਠੱ ਸਨ । ਜਿਨ੍ਹਾਂ ਵਿਚੱ ਸਾਰੇ ਨਬੀਆਂ ਦਾ ਨਮੂਨਾ ਜਮ੍ਹਾ ਸੀ । ਰਬੱ ਦੇ ਹੁਕਮ ਨਾਲ ਸਹੀ ਅਮਲ ਅਤੇ ਵਿਆਖਿਆ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹੀ ਫ਼ਰਮਾਈ ਅਤੇ ਉਸ ਉੱਤੇ ਅਮਲ ਕਰਕੇ ਵਿਖਾਇਆ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੇ ਮੰਨਣ ਵਾਲਿਆਂ ਨੂੰ ਨਸੀਹਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਬੈਅਤ ਰਸਮੀ ਲਾਭ ਨਹੀਂ ਦਿੰਦੀ । ਅਜਿਹੀ ਬੈਅਤ ਤੋਂ ਹਿੱਸਾਦਾਰ ਹੋਣਾ ਮੁਸ਼ਕਿਲ ਹੈ । ਜਦੱ ਤਕੱ ਆਪਣੀ ਹਸਤੀ ਨੂੰ ਤਰਕ ਕਰਕੇ ਖ਼ਾਲਸ ਹੋ ਕੇ ਜਿਸ ਦੀ ਬੈਅਤ ਕੀਤੀ ਹੈ । ਉਸ ਨਾਲ ਨ ਹੋ ਜਾਵੇ । ਤਦੱ ਹੀ ਬੈਅਤ ਲਾਭ ਦੇ ਸਕਦੀ ਹੈ । ਜਿੱਥੇ ਤਕੱ ਸੰਭਵ ਹੋ ਤਰੀਕਿਆਂ ਅਤੇ ਇਬਾਦਤਾਂ

ਵਿਚੱ ਮੁਰਸ਼ਦ ਵਰਗੇ ਹੋਣ ਅਤੇ ਸਵੇਰ ਤੋਂ ਸ਼ਾਮ ਤਕੱ ਆਪਣੇ ਹਿਸਾਬ ਕਰਨੇ ਚਾਹੀਦੇ ਹਨ ਕਿ ਕਿੱਥੇ ਤਕੱ ਅਸੀਂ لا الہ الا اللہ ਉੱਤੇ ਅਮਲ ਕੀਤਾ ਹੈ। ਫ਼ਿਰ ਫ਼ਰਮਾਇਆ ਕਿ ਮੇਰਾ ਇਹ ਉਦੇਸ਼ ਨਹੀਂ ਕਿ ਮੁਸਲਮਾਨ ਕਲਮਾ ਪੜ੍ਹ ਲਏ ਅਤੇ ਸੁਸਤ ਹੋ ਜਾਵੇ। ਸਗੋਂ ਆਪਣੇ ਕਾਰੋਬਾਰ ਅਤੇ ਨੌਕਰੀਆਂ ਵਿਚੱ ਵਿਅਸਥ ਹੋਣ। ਪਰ ਰਬੱ ਦਾ ਹਕੱ ਅਦਾ ਕਰਨ ਵਲੱ ਵੀ ਧਿਆਨ ਕਰਨਾ ਜ਼ਰੂਰੀ ਹੈ। ਰਬੱ ਦੇ ਡਰ ਨੂੰ ਕਾਰੋਬਾਰ ਸਮੇਂ ਵੀ ਧਿਆਨ ਵਿਚੱ ਰਖੱਣਾ ਚਾਹੀਦਾ ਹੈ। ਹਰ ਮਾਮਲੇ ਵਿਚੱ ਦੀਨ ਨੂੰ ਅੱਗੇ ਰੱਖੋ। ਸੰਸਾਰ ਉਦੇਸ਼ ਨ ਹੋਵੇ। ਅਸਲ ਉਦੇਸ਼ ਦੀਨ ਹੋਵੇ। ਫ਼ਿਰ ਸੰਸਾਰ ਦੇ ਕੰਮ ਵੀ ਦੀਨ ਹੀ ਹੋਣਗੇ। ਸਹਾਬਾ ਰਜ਼ੀ ਅੱਲਾਹ ਅੰਹੁਮਾ ਨੇ ਵੀ ਮੁਸ਼ਕਿਲ ਤੋਂ ਮੁਸ਼ਕਿਲ ਸਮੇਂ ਵਿਚੱ ਰਬੱ ਨੂੰ ਨਹੀਂ ਛਡਿੱਆ ਅਤੇ ਨ ਹੀ ਰਬੱ ਤੋਂ ਗ਼ਾਫ਼ਲ ਹੋਏ ਅਤੇ ਨ ਨਮਾਜ਼ਾਂ ਛਡਿੱਆਂ। ਸਗੋਂ ਦੁਆਵਾਂ ਨਾਲ ਕੰਮ ਲਏ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਲਮੇ ਦੀ ਹਕੀਕਤ ਅਤੇ ਉਸ ਦੇ ਅਰਥਾਂ ਅਤੇ ਉਸ ਉੱਤੇ ਅਮਲ ਕਰਨ ਸੰਬੰਧੀ ਫ਼ਰਮਾਉਂਦੇ ਹਨ ਕਿ ਈਮਾਨ ਲਿਆਉਣਾ ਇਹੀ ਹੈ ਕਿ ਅਮਲੀ ਹਾਲਤ ਵਿਚੱ ਉਨ੍ਹਾਂ ਗੱਲਾਂ ਨੂੰ ਪ੍ਰਕਟ ਕਰ ਦੇਵੇ। ਜੋ ਰਬੱ ਦੇ ਆਦੇਸ਼ ਕੁਰਆਨੇ ਸ਼ਰੀਫ਼ ਵਿਚੱ ਬਿਆਨ ਹੋਏ ਹਨ ਅਤੇ ਫ਼ਿਰ ਹਕੀਕਤ ਵਿਚੱ ਅਮਲੀ ਤੌਰ'ਤੇ ਦੀਨ ਨੂੰ ਦੁਨੀਆਂ ਉੱਤੇ ਪਹਿਲ ਦੇਣ। ਸੋ ਜਿਸ ਨੇ ਸੱਚੇ ਦਿਲ ਨਾਲ لا الہ الا اللہ ਨੂੰ ਮੰਨ ਲਿਆ। ਉਹ ਸਵਰਗ ਵਿਚੱ ਦਾਖ਼ਲ ਹੋਵੇਗਾ। ਫ਼ਿਰ ਰਬੱ ਤੋਂ ਬਿਨ੍ਹਾਂ ਉਸ ਦਾ ਕੋਈ ਪਿਆਰਾ ਨਹੀਂ ਰਹਿ ਸਕਦਾ ਅਤੇ ਉਹ ਕੇਵਲ ਰਬੱ ਦੀ ਰਜ਼ਾ ਦਾ ਇਛੁੱਕ ਹੁੰਦਾ ਹੈ ਅਤੇ ਕਸ਼ਟਾਂ ਤੋਂ ਉਹ ਦੁੱਖੀ ਨਹੀਂ ਹੁੰਦਾ। ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਰਬੱ ਆਪਣੇ ਦੋਸਤ ਦੀ ਮਦਦ ਲਈ ਜਲਦੀ ਆ ਜਾਂਦਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜਦੱ ਤਕੱ ਰਬੱ ਦੇ ਹਕੱ ਅਤੇ ਬੰਦੀਆਂ ਦੇ ਹਕੱ ਅਦਾ ਨਹੀਂ ਕਰਦੇ। ਉਸ ਸਮੇਂ ਤਕੱ لا الہ الا اللہ ਦੇ ਹਕੀਕੀ ਅਰਥ ਸਮਝ ਨਹੀਂ ਸਕਦੇ ਇਕੱ ਭਾਈ ਦੂਜੇ ਦਾ ਹਕੱ ਮਾਰਦਾ ਹੈ ਅਤੇ ਸਾਧਨਾ ਉੱਤੇ ਇਸ ਹਦੱ ਤਕੱ ਭਰੋਸਾ ਕਰਦੇ ਹਨ ਕਿ ਰਬੱ ਨੂੰ ਕੇਵਲ ਨਿਰਜੀਵ ਅੰਗ ਕਰਾਰ ਦੇ ਰਖਿੱਆ ਹੈ। ਬਹੁਤ ਹੀ ਘਟੱ ਲੋਕ ਹਨ। ਜਿਨ੍ਹਾਂ ਨੇ ਤੌਹੀਦ ਦੇ ਅਸਲ ਅਰਥਾਂ ਨੂੰ ਸਮਝਿਆ ਹੈ। ਜੇਕਰ ਬੰਦਾ ਕਲਮੇ ਦੀ ਹਕੀਕਤ ਤੋਂ ਜਾਣੂ ਹੋਵੇ ਅਤੇ ਅਮਲੀ ਤੌਰ'ਤੇ ਉਸ ਉੱਤੇ ਪਾਬੰਦ ਹੋ ਜਾਵੇ। ਤਾਂ ਉਹ ਬਹੁਤ ਵੱਡੀ ਤਰੱਕੀ ਕਰ ਸਕਦਾ ਹੈ ਅਤੇ ਰਬੱ ਦੀ ਅਜੀਬ ਅਜੀਬ ਕੁਦਰਤਾਂ ਵੇਖ ਸਕਦਾ ਹੈ। ਸੱਚਾ ਈਸ਼ਵਰਵਾਦੀ ਉਸ ਸਮੇਂ ਹੀ ਬਣ ਸਕਦਾ ਹੈ। ਜਦੱ ਸਾਰੀਆਂ ਬੁਰਾਈਆਂ ਦੂਰ ਕਰਦੇ। ਸੋ, ਇਸ ਰਮਜ਼ਾਨ ਵਿਚੱ ਸਾਡੇ ਵਿੱਚੋਂ ਹਰ ਇਕੱ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਬੁਰਾਈਆਂ ਤੋਂ ਆਪਣੇ ਆਪ ਨੂੰ ਪਾਕ ਕਰਨ ਅਤੇ لا الہ الا اللہ ਉੱਤੇ ਹਕੀਕੀ ਤੌਰ'ਤੇ ਈਮਾਨ ਲਿਆਉਣ ਵਾਲੇ ਹੋਣ। ਰਬੱ ਸਾਨੂੰ ਤੌਫ਼ੀਕ ਬਖ਼ਸ਼ੇ ਕਿ ਰਮਜ਼ਾਨ ਦੇ ਇਨ੍ਹਾਂ ਬਾਕੀ ਦਿਨ੍ਹਾਂ ਵਿਚੱ ਅਸੀਂ ਕੋਸ਼ਿਸ਼ ਅਤੇ ਦੁਆ ਨਾਲ ਆਪਣੇ ਅੰਦਰ ਦੀ ਸਾਰੀਆਂ ਬੁਰਾਈਆਂ ਨੂੰ ਕਢੱਣ ਵਾਲੇ ਬਣ ਸਕਣ।

ਰਮਜ਼ਾਨ ਦੇ ਅੰਤਿਮ ਅਸ਼ਰੇ ਵਿਚੱ ਅਸੀਂ ਲੈਲਾਤੁਲੱ ਕਦਰ ਦੀਆਂ ਗੱਲ੍ਹਾਂ ਕਰਦੇ ਹਨ। ਲੈਲਾਤੁਲੱ ਕਦਰ ਤਾਂ ਹਕੀਕਤ ਵਿਚੱ ਉਸ ਸਮੇਂ ਮਿਲਦੀ ਹੈ। ਜਦੱ ਅਸੀਂ ਆਪਣਾ ਹਰ ਕਥਨ ਅਤੇ ਕਰਮ ਰਬੱ ਦੇ ਆਦੇਸ਼ਾਂ ਅਨੁਸਾਰ ਕਰਨ ਲਈ ਤਿਆਰ ਹੋ ਜਾਣ। ਉਸ ਉੱਤੇ ਅਮਲ ਕਰਨ ਵਾਲੇ ਹੋਣ ਅਤੇ ਉਸ ਨੂੰ ਸਦੇਵੀਂ ਆਪਣੇ ਜੀਵਨ ਦਾ ਹਿੱਸਾ ਬਣਾਉਣ ਵਾਲੇ ਹੋਣ। ਇਹੀ ਉਹ ਹਕੀਕੀ ਨਿਸ਼ਾਨੀ ਹੈ। ਜੋ ਲੈਲਾਤੁਲੱ ਕਦਰ ਦੇ ਪਾਉਣ ਦੀ ਨਿਸ਼ਾਨੀ ਹੈ। ਅਸਲ ਨਿਸ਼ਾਨੀ ਇਹ ਹੈ ਕਿ ਸਾਡੇ ਦਿਲ੍ਹਾਂ ਵਿਚੱ ਕੀ ਤਬਦੀਲੀ ਪੈਦਾ ਹੋਈ।

ਕੁਝੱ ਜਮਾਅਤਾਂ ਨੇ ਦੁਆਵਾਂ ਦੇ ਵੀ ਖ਼ਾਸ ਪ੍ਰੋਗਰਾਮ ਮੇਰੀ ਇਸ ਗਲੱ੍ਹ ਨੂੰ ਸਾਮ੍ਹਣੇ ਰਖੱ ਕੇ ਬਣਾਏ ਹਨ ਕਿ ਜੇਕਰ ਅਸੀਂ ਖ਼ਾਲਸ ਹੋ ਕੇ ਤਿੰਨ ਦਿਨ ਦੁਆਵਾਂ ਕਰਨ। ਤਾਂ ਰਬੱ ਦੀ ਖ਼ਾਸ ਮਿਹਰ ਪ੍ਰਕਟ ਹੋ ਸਕਦੀ ਹੈ। ਜੇਕਰ ਅਸੀਂ ਇਹ ਤਿੰਨ ਦਿਨ ਖ਼ਾਸ ਤੌਰ'ਤੇ ਇਸ ਲਈ ਤੈਅ ਕੀਤੇ ਹਨ ਕਿ ਤਿੰਨ ਦਿਨ ਦੁਆਵਾਂ ਵਿਚੱ ਲਾਉਣ ਅਤੇ ਫ਼ਿਰ ਆਪਣੇ ਪੁਰਾਣੇ ਢੰਗ ਉੱਤੇ ਆ ਜਾਣ ਅਤੇ لا الہ الا اللہ ਦੇ ਹਕੀਕੀ ਉਦੇਸ਼ ਨੂੰ ਭੁਲੱ੍ਹ ਜਾਣ। ਤਾਂ ਸਾਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਰਬੱ ਸਾਡੇ ਦਿਲ੍ਹਾਂ ਦੇ ਹਾਲ ਨੂੰ ਜਾਣਦਾ ਹੈ। ਸਾਡੀ ਨਿਯੱਤਾਂ ਨੂੰ ਜਾਣਦਾ ਹੈ। ਉਸ ਤੋਂ ਕੋਈ ਗਲੱ੍ਹ ਲੁੱਕੀ ਨਹੀਂ। ਅਜਿਹੀ ਸੂਰਤ ਵਿਚੱ ਉਸ ਦਾ ਕੋਈ ਲਾਭ ਨਹੀਂ ਹੋਵੇਗਾ। ਪਰ ਜੇਕਰ ਰਬੱ ਨੂੰ ਰਾਜ਼ੀ ਕਰਨ ਲਈ ਇਹ ਦਿਨ ਬਤੀਤ ਕਰਨਾ ਚਾਹੁੰਦੇ ਹੋ। ਤਾਂ ਫ਼ਿਰ ਇਸ ਅਹਿਦ ਨਾਲ ਬਤੀਤ ਕਰੋ ਕਿ ਹੁਣ ਇਹ ਦਿਨ ਸਾਡੀ ਜ਼ਿੰਦਗੀਆਂ ਦਾ ਸਦੇਵੀਂ ਹਿੱਸਾ ਬਣ ਜਾਣਗੇ। ਫ਼ਿਰ ਇਹ ਤਕਲੀਫ਼ਾਂ ਜੋ ਵਿਰੋਧੀ ਸਾਨੂੰ ਦੇ ਰਹੇ ਹਨ। ਉਨ੍ਹਾਂ ਨੂੰ ਦੂਰ ਕਰਨ ਲਈ ਰਬੱ ਆਪਣੀ ਖ਼ਾਸ ਮਦਦ ਪ੍ਰਕਟ ਕਰੇਗਾ। ਇੰਸ਼ਾ-ਅੱਲਾਹ

ਰਬੱ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਵਚਨ ਹੈ ਕਿ ਆਪ ਅਲੈਹਿ ਸਲਾਮ ਅਤੇ ਆਪ ਅਲੈਹਿ ਸਲਾਮ ਦੀ ਜਮਾਅਤ ਨੂੰ ਵਿਜਐ ਬਣਾਏਗਾ, ਜਲਦ ਜਾਂ ਕੁਝੱ ਸਮੇਂ ਬਾਦ। ਹਾਂ ਜੇਕਰ ਅਸੀਂ لا الہ الا اللہ ਦੀ ਹਕੀਕਤ ਨੂੰ ਸਮਝਦੇ ਹੋਏ ਆਪਣਾ ਈਸ਼ਟ, ਉਦੇਸ਼ ਅਤੇ ਪਿਆਰਾ ਕੇਵਲ ਰਬੱ ਦੀ ਜ਼ਾਤ ਨੂੰ ਬਣਾਉਣ ਅਤੇ ਸੰਸਾਰ ਤੋਂ ਵਧੱ ਸਾਨੂੰ ਰਬੱ ਪਿਆਰਾ ਹੋਵੇ ਅਤੇ ਉਸ ਨੂੰ ਪਾਉਣਾ ਸਾਡਾ ਉਦੇਸ਼ ਹੋਵੇ। ਤਾਂ ਕ੍ਰਾਂਤੀ ਛੇਤੀ ਆ ਸਕਦੀ ਹੈ। ਸਾਨੂੰ ਆਪਣੀ ਹਾਲਤਾਂ ਵਿਚੱ ਸਦੇਵੀਂ ਤਬਦੀਲੀ ਕਰਨ ਦਾ ਅਹਦ ਕਰਨਾ ਹੋਵੇਗਾ।

ਹਜ਼ੂਰੇ ਅਨਵਰ ਨੇ ਅੰਤ ਵਿਚੱ ਫ਼ਰਮਾਇਆ ਕਿ ਇਨ੍ਹਾਂ ਦਿਨਾਂ ਵਿਚੱ ਸੰਸਾਰ ਦੇ ਆਮ ਅਮਨ ਅਤੇ ਸਥਿਰਤਾ ਲਈ ਵੀ ਦੁਆ ਕਰਦੇ ਰਹੋ। ਰਬੱ ਮਨੁਖੱਤਾ ਉੱਤੇ ਰਹਿਮ ਅਤੇ ਮਿਹਰ ਕਰੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔